**ਮਾਡਲ ਟੈਸਟ ਪੇਪਰ**
**Geography – XII**
**2020 - 21**

**ਸਮਾਂ:** 3 **ਘੰਟੇ** | **ਲਿਖਤੀ:** 70 **ਅੰਕ**
**ਪ੍ਰਯੋਗੀ:** 25 **ਅੰਕ**
**I.A.** : 05 **ਅੰਕ**

ਨੋਟ:

1. ਪ੍ਰਸ਼ਨ ਪੱਤਰ ਦੇ 5 ਭਾਗਾਂ ਵਿੱਚ ਕੁੱਲ 30 ਪ੍ਰਸ਼ਨ ਹਨ। ਸਾਰੇ ਪ੍ਰਸ਼ਨ ਲਾਜ਼ਮੀ ਹਨ।
2. ਭਾਗ – I ਵਿੱਚ 10 ਪ੍ਰਸ਼ਨ ਬਹੁ ਚੋਣਵੀਂ ਕਿਸਮ ਦੇ ਅਤੇ 10 ਵਸਤੂਨਿਸ਼ਠ ਹਨ। ਸਾਰੇ ਇੱਕ ਅੰਕ ਦੇ ਹਨ।
3. ਭਾਗ – II ਵਿੱਚ 5 ਪ੍ਰਸ਼ਨ ਹਨ ਤੇ 3 ਵਿੱਚ ਅੰਦਰੂਨੀ ਚੋਣ ਦੀ ਸਹੂਲਤ ਵੀ ਹੈ। ਹਰ ਪ੍ਰਸ਼ਨ 4 ਅੰਕ ਦਾ ਹੈ। ਹਰੇਕ ਦਾ ਉੱਤਰ 75 ਤੋਂ 100 ਸ਼ਬਦਾਂ ਤੱਕ ਦਿੱਤਾ ਜਾਣਾ ਚਾਹੀਦਾ ਹੈ।
4. ਭਾਗ – III ਵਿੱਚ 2 ਲੰਬੇ ਉੱਤਰਾਂ ਵਾਲੇ ਪ੍ਰਸ਼ਨ ਹਨ ਤੇ ਦੋਹਾਂ ਵਿੱਚ ਅੰਦਰੂਨੀ ਛੂਟ ਵੀ ਹੈ। ਇਸ ਭਾਗ ਦਾ ਹਰ ਪ੍ਰਸ਼ਨ 6 ਅੰਕ ਦਾ ਹੈ ਜਿਸਦਾ ਉੱਤਰ 150 ਤੋਂ 180 ਸ਼ਬਦਾਂ ਤੱਕ ਹੋਣਾ ਚਾਹੀਦਾ ਹੈ।
5. ਭਾਗ – IV ਵਿੱਚ ਸਰੋਤ ਆਧਾਰਤ ਪ੍ਰਸ਼ਨ ਹੈ ਜਿਸ ਵਿੱਚ ਪੈਰ੍ਹੇ ਦੇ ਆਧਾਰ ’ਤੇ, ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦੇਣੇ ਹਨ। ਇਹ ਪ੍ਰਸ਼ਨ 8 ਅੰਕ ਦਾ ਹੈ।
6. ਭਾਗ – V ਵਿੱਚ ਨਕਸ਼ੇ ਦੇ ਦੋ ਪ੍ਰਸ਼ਨ ਹਨ ਜੋ 5 – 5 ਅੰਕ ਦੇ ਹਨ। ਦੋਹਾਂ ਵਿੱਚ 8 ਵਿੱਚੋਂ 5 ਨੁਕਤਿਆਂ ਨੂੰ ਹੱਲ ਕਰਨ ਦੀ ਛੂਟ ਹੈ। ਇਕ ਨਕਸ਼ਾ ਲੇਬਲਿੰਗ ਦਾ ਹੈ ਤੇ ਦੂਸਰਾ ਆਇਡੰਟੀਫ਼ਿਕੇਸ਼ਨ ਦਾ।

## ਪ੍ਰਸ਼ਨ ਪੱਤਰ

## ਭਾਗ – I

(20 × 1 = 20)

**ਨੋਟ: ਸਹੀ ਛਾਂਟ ਚੁੱਣ ਕੇ ਉੱਤਰ ਲਿਖੋ:–**

1. ਕਿਹੜੇ ਦੋ ਦੇਸ਼ਾਂ ਦੀ ਵਸੋਂ ਸੰਸਾਰ ਦੀ ਕੁੱਲ ਵਸੋਂ ਦਾ 37 ਫ਼ੀਸਦੀ ਬਣਦਾ ਹੈ?
(ੳ) ਭਾਰਤ + ਯੂ.ਐੱਸ.ਏ. (ਅ) ਚੀਨ + ਭਾਰਤ
(ੲ) ਚੀਨ + ਰੂਸ (ਸ) ਭਾਰਤ + ਰੂਸ

2. ਕਿਸੇ ਛੱਪੜ, ਝੀਲ ਜਾਂ ਧਾਰਮਿਕ ਥਾਂ ਦੇ ਚੁਫ਼ੇਰੇ ਵਸੋਂ ਹੋਣ ਨਾਲ ਕਿਸ ਨਮੂਨੇ ਦਾ ਵਸੇਬਾ ਹੋਵੇਗਾ?
(ੳ) ਗੋਲਾਕਾਰ (ਅ) ਅਰਧ ਗੋਲਾਕਾਰ
(ੲ) ਬੱਦਲ ਅਕਾਰੀ (ਸ) ਤਾਰੇ ਵਰਗਾ

3. ਮੱਧ ਪ੍ਰਦੇਸ਼ ਤੇ ਮਹਾਂਰਾਸ਼ਟਰ ਵਿੱਚ ਪਾਲ਼ੀਆਂ ਜਾਂਦੀਆਂ ਭੇਡਾਂ ਆਮ ਕਰ ਕ ਕਿਹੜੀ ਨਸਲ ਦੀਆਂ ਹਨ?
(ੳ) ਰਾਈਕਾ ਤੇ ਰੇਬਾਰੀ (ਅ) ਕੁਰੂਮਾਂ
(ੲ) ਧਨਗਰ (ਸ) ਕੁਰਬਾ ਤੇ ਕੁਰੂਮਾਂ

4. ਕਿਹੜੀ ਚਾਹ, ਤਾਜ਼ੀ ਪੱਤਰੀ ਵਾਲੀ ਚਾਹ ਦੀ ਕਿਸਮ ਨਹੀਂ ਹੈ?
(ੳ) ਚਿੱਟੀ (ਅ) ਪੀਲੀ
(ੲ) ਹਰੀ (ਸ) ਓਲੌਂਗ

5. ਸਲੇਟੀ ਕ੍ਰਾਂਤੀ ਕਿਸ ਵਸਤੂ ਦੇ ਵਿਕਾਸ ਦੀ ਤਰਜਮਾਨੀ ਕਰਦੀ ਹੈ?
(ੳ) ਚਮੜਾ ਉਤਪਾਦਨ (ਅ) ਪਟਸਨ ਉਤਪਾਦਨ
(ੲ) ਟਮਾਟਰ ਉਤਪਾਦਨ (ਸ) ਅੰਡਿਆਂ ਦਾ ਉਤਪਾਦਨ

6. ਪੌਣ ਓਰਜਾ ਉਤਪਾਦਨ ਵਿੱਚ ਭਾਰਤ ਦਾ ਕਿਹੜਾ ਰਾਜ ਮੋਹਰੀ ਹੈ?
(ੳ) ਮਹਾਰਾਸ਼ਟਰ (ਅ) ਗੁਜਰਾਤ
(ੲ) ਤਾਮਿਲਨਾਡੂ (ਸ) ਰਾਜਸਥਾਨ

7. ‘ਲਾਲ ਕਾਲਰ ਕਾਮੇ’ ਕਿਹੜੇ ਖੇਤਰ ਦੇ ਕਿਰਤੀਆਂ ਦੀ ਤਰਜਮਾਨੀ ਹੈ?
(ੳ) ਕੈਦੀ ਤੇ ਸਕਿਓਰਟੀ (ਅ) ਕਿਸਾਨ
(ੲ) ਖਾਣਾਂ ਤੇ ਉਦਯੋਗ (ਸ) ਪੁਲਿਸ ਤੇ ਅੱਗ ਬੁਝਾਊ

8. ਕਿਹੜੇ ਸ਼ਹਿਰ ਵਿੱਚ ਸਭ ਤੋਂ ਵੱਧ ਰੇਲਵੇ ਜ਼ਨ ਹੈੱਡਕੁਆਰਟਰ ਹਨ?
(ੳ) ਮੁੰਬਈ (ਅ) ਦਿੱਲੀ
(ੲ) ਚੇਨਈ (ਸ) ਕੋਲਕਾਤਾ

9. ਕਿਹੜਾ ਸਾਧਨ ਆਮ ਤੌਰ ’ਤੇ ਜਨ-ਸੰਚਾਰ ਲਈ ਨਹੀਂ ਵਰਤਿਆ ਜਾਂਦਾ?
(ੳ) ਟੈਲੀਫ਼ਨ (ਅ) ਰੇਡੀਓ
(ੲ) ਸਿਨੇਮਾ (ਸ) ਟੈਲੀਵਿਜ਼ਨ

10. ਕਿਹੜਾ ਸ਼ਹਿਰ ਫ਼ਾਰਮਾਸੁਟੀਕਲ ਸਨਅਤ ਲਈ ਮਸ਼ਹੂਰ ਨਹੀਂ ਹੈ?
(ੳ) ਮੁਹਾਲੀ (ਅ) ਰਿਸ਼ੀਕੇਸ਼
(ੲ) ਗੁੜਗਾਓਂ (ਗੁਰੂਗ੍ਰਾਮ) (ਸ) ਜਲੰਧਰ

**ਨੋਟ: ਹੇਠ ਲਿਖਿਆਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-**

11. ਭਾਰਤ ਦਾ ਮਨਚੈਸਟਰ ਕਿਹੜਾ ਸ਼ਹਿਰ ਹੈ?
12. ਕਿਹੜੀ ਕਿਸਮ ਦੇ ਕੋਲੇ ਵਿੱਚ ਕਾਰਬਨ ਦੀ ਮਾਤਰਾ ਸਭ ਤੋਂ ਵੱਧ ਹੁੰਦੀ ਹੈ?
13. ਗੰਨੇ ਦੀ ਫ਼ਸਲ ਵਿੱਚ ਖੰਡ ਤੋਂ ਇਲਾਵਾ ਹੋਰ ਕੀ ਬਣਦਾ ਹੈ?
14. ਫ਼ਸਲਾਂ ਦੀ ਆਮ ਵੰਡ ਵਿੱਚ ਫ਼ਲ ਕਿਸ ਕਿਸਮ ਦੀਆਂ ਫ਼ਸਲਾਂ ਵਿੱਚ ਗਿਣੇ ਜਾਂਦੇ ਹਨ?
15. ਮੁੰਬਈ ਵਿੱਚ ਮੇਰਿਨ ਡਰਾਈਵ ਦੇ ਨਾਲ - ਨਾਲ ਵਸਿਆ ਇਲਾਕਾ ਕਿਸ ਪ੍ਰਕਾਰ ਦੇ ਵਸੇਬੇ ਦੀ ਉਦਾਹਰਣ ਹੈ?

**ਨੋਟ: ਸਹੀ ਜਾਂ ਗਲਤ ਹੋਣ ਬਾਰੇ ਲਿਖੋ:-**

16. ਕੁੱਲ ਕੌਮੀ ਪ੍ਰਸੰਨਤਾ ਸੂਚਕਾਂਕ ਅਸਲ ਵਿੱਚ ਭੂਟਾਨ ਦੀ ਦੇਣ ਹੈ।
17. ਪੈਟਰਿਕ ਗੈਡਿਸ, ਖੇਤੀਬਾੜੀ ਭੂਗੋਲ ਨਾਲ ਸਬੰਧਤ ਵਿਚਾਰਵਾਨ ਹੈ।
18. ਚੇਨਗੱਪਾ ਅਤੇ ਭੂਟੀਆ ਅਸਲ ਵਿੱਚ ਬੋਧੀ/ਤਿੱਬਤੀ ਨਸਲਾਂ ਹਨ।
19. ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼, ਪੂਰਬ-ਪੱਛਮ ਤੇ ਉੱਤਰ-ਦੱਖਣ, ਦੋਹੇਂ ਗਲਿਆਰਿਆਂ ਨੂੰ ਛੂਹੰਦੇ ਰਾਜ ਹਨ।
20. ਸੁਏਜ਼ ਨਹਿਰ ਨੂੰ ਗੇਟ ਵੇਅ ਟੂ ਦ ਪੈਸੇਫ਼ਿਕ ਵੀ ਕਿਹਾ ਜਾਂਦਾ ਹੈ।

## ਭਾਗ - II

(5 × 4 =20)

**ਨੋਟ: ਹਰ ਪ੍ਰਸ਼ਨ ਦਾ ਉੱਤਰ 75 ਤੋਂ 100 ਸ਼ਬਦਾਂ ਵਿੱਚ ਦਿਓ:-**

21. ਭਾਰਤ ਨੇ ਕਿਹੜੇ ਨੁਕਤੇ ਵਿਕਾਸ ਮਾਪਕ ਵਜੋਂ ਚੁਣੇ ਹਨ?
22. ਹਿਮਾਚਲ ਪ੍ਰਦੇਸ਼ ਵਿੱਚ ਕਿਹੜੇ - ਕਿਹੜੇ ਫ਼ਲਾਂ ਦੇ ਬਾਗ ਮਿਲਦੇ ਹਨ?

ਜਾਂ

ਜਵਾਰੀ ਊਰਜਾ ਕਿਵੇਂ ਉਤਪੰਨ ਹੁੰਦੀ ਹੈ?

23. ਖੰਡ ਉਦਯੋਗ ਵਿੱਚ ਹਰਿਆਣਾ ਦੇ ਯੋਗਦਾਨ ਤੋਂ ਜਾਣੂ ਕਰਵਾਓ।

ਜਾਂ

ਬਾਬਾ ਬੂਢਨ ਪਹਾੜੀ ਖਿੱਤੇ ਦੇ ਇਤਿਹਾਸ ਤੋਂ ਜਾਣੂ ਕਰਵਾਓ।

24. ਜੈਵਿਕ ਤੇ ਅਜੈਵਿਕ ਖਣਿਜਾਂ ਦੀਆਂ ਦੋ - ਦੋ ਉਦਾਹਰਣਾਂ ਦਿਓ।

ਜਾਂ

ਪੂੰਜੀ ਪ੍ਰਧਾਨ ਤੇ ਮਜ਼ਦੂਰ ਪ੍ਰਧਾਨ ਉਦਯੋਗਾਂ ਵਿੱਚ ਅੰਤਰ ਸਪਸ਼ਟ ਕਰੋ।

25. ਸੂਬਾਈ ਸੜਕ ਮਾਰਗ ਕੀ ਹੁੰਦੇ ਹਨ?

## ਭਾਗ – III

(2 × 6 =12)

**ਨੋਟ: ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਹਰੇਕ ਦਾ ਉੱਤਰ 150 ਤੋਂ 180 ਸ਼ਬਦਾਂ ਵਿੱਚ ਦਿਓ:–**

26. ਪ੍ਰਾਚੀਨ ਕਾਲ ਵਿੱਚ ਮਾਨਵ ਭੂਗੋਲ ਦਾ ਕੇਂਦਰੀ ਵਿਸ਼ਾ ਕੀ ਸੀ ਤੇ ਮੌਜੂਦਾ ਸਮੇਂ ਵਿਸ਼ਾ ਖੇਤਰ ਕੀ ਹੈ?

ਜਾਂ

ਸਾਖਰਤਾ ਦਰ ਕੀ ਹੈ? ਇਸਨ ਪਤਾ ਕਰਨ ਦਾ ਫ਼ਾਰਮੂਲਾ ਕੀ ਹੈ ਤੇ ਇਸ ਪੱਖ ਤੋਂ ਸਾਡੇ ਰਾਜਾਂ ਦੀ ਸਥਿਤੀ ਕਿੰਨੀ ਕੁ ਵਧੀਆ ਹੈ?

27. ਸਦੀਵੀ ਵਿਕਾਸ ਕੀ ਹੁੰਦਾ ਹੈ? ਕੁਦਰਤੀ ਸੋਮਿਆਂ ਦੀ ਸੰਭਾਲ ਬਾਰੇ ਹੰਭਲਿਆਂ ਦੀ ਕੀ ਲੋੜ ਹੈ?

ਜਾਂ

ਪੰਜਾਬ ਦੇ ਫੂਡ ਪ੍ਰਾਸੈਸਿੰਗ ਉਦਯੋਗ ਬਾਰੇ ਵਿਸਥਾਰ ਨਾਲ ਜਾਣੂ ਕਰਵਾਓ।

## ਭਾਗ – IV

(4+1+1+1+1=08)

**ਨੋਟ: ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ, ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:–**

28. ਪੰਜਾਬ ਦੀ ਭੂਗੋਲਿਕ ਸਿਰਮੌਰਤਾ: ਪੰਜਾਬ, ਦੇਸ਼ ਦੇ ਹੋਰ ਸਭ ਸੂਬਿਆਂ (ਰਾਜਾਂ) ਦੇ ਮੁਕਾਬਲੇ ਸਭ ਤੋਂ ਵੱਧ ਕਿਨੂੰ ਉਤਪਾਦਨ ਕਰਦਾ ਹੈ ਜਦੋਂ ਕਿ ਅੰਗੂਰ ਦੀ ਪ੍ਰਤੀ ਹੈਕਟੇਅਰ ਉਪਜ ਤੇ ਆਲੂ ਦੇ ਬੀਜ ਦੇ ਉਤਪਾਦਨ ਵਿੱਚ ਵੀ ਪ੍ਰਤੀ ਹੈਕਟੇਅਰ ਉਪਜ ਪੰਜਾਬ ਦੀ ਹੀ ਸਰਵੋਤਮ ਹੈ। ਪੰਜਾਬ ਹੀ ਦੇਸ਼ ਦੇ ਕੁਲ ਦੁੱਧ ਉਤਪਾਦਨ ਦਾ 10 ਫ਼ੀਸਦੀ ਭਾਵ 7.16 ਲੱਖ ਮੀਟ੍ਰਿਕ ਟਨ ਸਾਲਾਨਾ ਦੁੱਧ ਉਤਪਾਦਨ ਕਰਦਾ ਹੈ। ਪ੍ਰਤੀ ਵਿਅਕਤੀ ਅੰਡਿਆਂ ਦੇ ਉਤਪਾਦਨ ਵਿੱਚ ਵੀ ਪੰਜਾਬ ਮੋਹਰੀ ਹੈ ਕਿਉਂਕਿ ਇਸ ਪੱਖੋਂ ਭਾਰਤ ਦੀ ਔਸਤ ਗਿਣਤੀ 35 ਹੈ ਤੇ ਪੰਜਾਬ ਦੀ 125 ਹੈ। ਪੰਜਾਬ, ਦੇਸ਼ ਦਾ ਪਲੇਠਾ ਸੂਬਾ ਹੈ ਜਿਸ ਨੇ ਸੰਯੁਕਤ ਰਾਜ ਅਮਰੀਕਾ ਨੂੰ ਸ਼ਹਿਦ ਬਰਾਮਦ ਕੀਤਾ ਤੇ ਇੱਕੋ–ਇੱਕ ਸੂਬਾ ਹੈ ਜਿੱਥੇ ਹਰ ਪਿੰਡ ਤੇ ਸ਼ਹਿਰੀ ਝੁੱਗੀ–ਝੌਂਪੜੀ ਵਾਲੀ ਬਸਤੀ ਵਿੱਚ ਵੀ ਮਹਿਲਾ ਸਵਾਸਥ ਸੰਘ ਸਥਾਪਤ ਹੈ। ਭਾਰਤ ਦੇ ਕੁਲ ਖੇਤਰਫ਼ਲ ਦਾ ਮਹਿਜ਼ 1.5 ਫ਼ੀਸਦੀ ਰਕਬਾ ਹੀ ਮੱਲਣ ਵਾਲਾ ਪੰਜਾਬ ਦੇਸ਼ ਦੀ 22 ਫ਼ੀਸਦੀ ਕਣਕ, 12 ਫ਼ੀਸਦੀ ਚੌਲ਼ ਤੇ 23 ਫ਼ੀਸਦੀ ਕਪਾਹ ਪੈਦਾ ਕਰ ਕੇ, ਆਪਣੇ ਆਪ ਨੂੰ ਮਿਲੀ 'ਭਾਰਤ ਦਾ ਅੰਨ ਭੰਡਾਰ' ਹੋਣ ਦੀ ਉਪਮਾ ਨੂੰ ਸੱਚ ਕਰ ਵਿਖਾਉਂਦਾ ਹੈ। ਪੰਜਾਬ ਦੇ ਖੇਤੀ ਮਿਹਨਤਕਸ਼ਾਂ ਦੀ ਬਦੌਲਤ, ਖੇਤੀ ਵਿਕਾਸ ਨੀਤੀ ਦੇ ਸਿੱਟੇ ਵਜੋਂ ਕੁਲ ਭੂਗੋਲਿਕ ਰਕਬੇ ਦਾ 83 ਫ਼ੀਸਦੀ ਜ਼ਰਾਇਤ ਅਧੀਨ ਤੇ 98 ਫ਼ੀਸਦੀ ਸਿੰਜਾਈ ਅਧੀਨ ਹੈ। ਇਸੇ ਦੇ ਸਿੱਟੇ ਵਜੋਂ ਖੇਤੀ ਘਣਤਾ 189 ਫ਼ੀਸਦੀ ਬਣਦੀ ਹੈ।

(i) ਸਹੀ ਮਿਲਾਨ ਕਰੋ:–

| | | | |
|---|---|---|---|
| ਕ) | ਅੰਗੂਰ | ਤ) | ਕੌਮੀ ਉਤਪਾਦਨ ਦਾ 10 ਫ਼ੀਸਦੀ |
| ਖ) | ਦੁੱਧ | ਥ) | ਕੌਮੀ ਉਤਪਾਦਨ ਦਾ 23 ਫ਼ੀਸਦੀ |
| ਗ) | ਕਿਨੂੰ | ਦ) | ਪ੍ਰਤੀ ਹੈਕਟੇਅਰ ਸਰਵੋਤਮ ਉਪਜ |
| ਘ) | ਕਪਾਹ | ਧ) | ਦੇਸ਼ ਦਾ ਸਭ ਤੋਂ ਮੋਹਰੀ ਉਤਪਾਦਕ |

(ii) ਕਿਹੜਾ ਤੱਥ ਦੱਸਦਾ ਹੈ ਕਿ ਪੰਜਾਬ ਇਸਤਰੀਆਂ ਦੀ ਸਿਹਤ ਸਬੰਧੀ ਚੇਤੰਨ ਹੈ?

(iii) ਪੰਜਾਬ ਵਿੱਚ ਖੇਤੀ ਘਣਤਾ ਦੀ ਉਚੀ ਫ਼ੀਸਦ ਦਾ ਸਿਹਰਾ ਕਿਸਦੇ ਸਿਰ ਬੱਝਦਾ ਹੈ?

(iv) ਕਿਸ ਵਸਤੂ ਦੀ ਕਿਸ ਦੇਸ਼ ਨੂੰ ਬਰਾਮਦਕਾਰੀ ਵਿੱਚ ਪੰਜਾਬ ਪਲੇਠਾ ਸੂਬਾ ਬਣਿਆ?

(v) ਭਾਰਤ ਵਿੱਚ ਕੁਲ ਸਾਲਾਨਾ ਦੁੱਧ ਉਤਪਾਦਨ ਲਗਪਗ ਕਿੰਨਾ ਹੈ?

## ਭਾਗ – V

(2 × 5 =10)

**ਨੋਟ: ਹੇਠ ਦਿੱਤੇ ਮੈਪ ਵਰਕ ਦੇ ਪ੍ਰਸ਼ਨਾਂ ਵਿੱਚ 8 ਨੁਕਤਿਆਂ ਵਿੱਚੋਂ 5 ਨੁਕਤੇ ਜ਼ਰੂਰ ਹੱਲ ਕਰੋ:–**

29. ਭਾਰਤ ਦੇ ਰਾਜਨੀਤਿਕ ਖਾਕੇ ਵਿੱਚ ਭਰੇ ਨੁਕਤਿਆਂ ਦੀ ਪਛਾਣ ਕਰਕੇ ਦੱਸੋ:–

(i) ਦੇਸ਼ ਵਿੱਚ ਸਭ ਤੋਂ ਵੱਧ ਲਿੰਗ ਅਨੁਪਾਤ
(ii) ਵਿਦੇਸ਼ਾਂ ਵੱਲ ਪ੍ਰਵਾਸ ਕਰਨ ਵਾਲੇ ਪੰਜਾਬੀਆਂ ਦਾ ਇਲਾਕਾ
(iii) ਜੰਮੂ–ਕਸ਼ਮੀਰ ਦਾ ਇੱਕ ਸਮਾਰਟ ਸਿਟੀ
(iv) ਮਹਾਰਾਸ਼ਟਰ ਵਿੱਚ ਪੈਂਦਾ ਇੱਕ ਮਹਾਂਨਗਰ
(v) ਭਾਰਤ ਦੇ ਪਾਕਿਸਤਾਨ ਵਿਚਾਲੇ ਵਿਵਾਦਤ ਦਲਦਲੀ ਇਲਾਕਾ
(vi) ਭਾਰਤ ਦਾ ਸਭ ਤੋਂ ਵੱਡਾ ਡੈਲਟਾ ਖੇਤਰ
(vii) ਉੱਤਰ ਪੂਰਬੀ ਭਾਰਤ ਦਾ ਪ੍ਰਮੁੱਖ ਦਰਿਆ
(viii) ਓਪ੍ਰੇਸ਼ਨ ਮੇਘਦੂਤ ਵਾਲ਼ਾ ਇਲਾਕਾ

30. ਭਾਰਤ ਦੇ ਖਾਕੇ ਵਿੱਚ ਭਰੋ:–

(i) ਸਤਲੁੱਜ ਦਰਿਆ
(ii) ਕੌਮੀ ਮਾਰਗ ਨੰਬਰ 44
(iii) ਹਰਿਆਣਾ ਦਾ ਇੱਕ ਮੈਗਾ ਫੂਡ ਪਾਰਕ
(iv) ਗੁਜਰਾਤ ਦਾ ਇੱਕ ਸੂਤੀ ਕੱਪੜਾ ਉਦਯੋਗ ਕੇਂਦਰ
(v) ਰਾਜਸਥਾਨ ਦਾ ਪ੍ਰਮੁੱਖ ਪੌਣ ਊਰਜਾ ਉਤਪਾਦਨ ਖੇਤਰ
(vi) ਆਂਧਰਾ ਪ੍ਰਦੇਸ਼ ਦਾ ਗੰਨਾ ਉਤਪਾਦਨ ਖੇਤਰ
(vii) ਭੂਟੀਆ/ਲੇਪਚਾ ਜਨਜਾਤੀਆਂ ਦਾ ਜੱਦੀ ਇਲਾਕਾ
(viii) ਬਾਬਾ ਬੂਢਨ ਪਹਾੜੀ ਇਲਾਕਾ